ਬੱਚਿਆਂ ਲਈ ਬਾਈਬਲ

ਉੱਪਸਥਿਤ

# ਨੇਕ ਸਾਮਰੀ



ਦੁਆਰਾ ਲਿਖਿਆ ਗਿਆ : Edward Hughes

ਦੁਆਰਾ ਦਿੱਤੀਆਂ ਗਈਆਂ ਉਦਾਹਰਣਾਂ : M. Maillot; Lazarus

ਦੁਆਰਾ ਬਦਲਿਆ ਗਿਆ : Ruth Klassen; Sarah S.

ਦੁਆਰਾ ਕੀਤਾ ਗਿਆ ਅਨੁਵਾਦ : Rev. Tasveer ull haque

ਦੁਆਰਾ ਬਣਾਇਆ ਗਿਆ : Bible for Children
www.M1914.org

©2014 Bible for Children, Inc.
ਆਗਿਆ ਦੇਣ.ੀ : ਜਦ ਤੱਕ ਤੁਸੀ ਇਸ ਨੂੰ ਵੇਚਦੇ ਨਹੀ ਤਦ ਤੱਕ ਤੁਹਾਨੂੰ ਅਧਿਕਾਰ ਹੈ ਕਿ
ਤੁਸੀ ਇਸ ਕਹਾਣੀ ਨੂੰ ਛਾਪ ਸਕੋ ਜਾ ਇਸ ਦੀ ਨਕਲ ਉਤਾਰ ਸਕੋ।


ਗੁਰੂ ਜੀ, “ਮੈਂ ਕੀ ਕਰਾਂ ਜੋ ਸਦੀਪਕ
ਜੀਵਨ ਦਾ ਅਧਿਕਾਰੀ ਹੋ ਜਾਵਾਂ?”
ਜਿਸ ਮਨੁੱਖ ਨੇਂ ਇਹ ਸਵਾਲ ਕੀਤਾ
ਉਹ ਕਾਨੂੰਨੀ ਪੇਸ਼ੇਵਰ ਸੀਂ, ਯਿਸੂ ਨੂੰ
ਪਰਤਾ ਰਿਹਾ ਸੀਂ। ਯਿਸੂ
ਨੇਂ ਜਵਾਬ
ਦਿੱਤਾ,
“ਪਰਮੇਸ਼ਵਰ ਦੀ
ਵਿਵਸਥਾ ਕੀ ਕਹਿੰਦੀ ਹੈ?”

ਮਨੁੱਖ ਨੇ ਆਖਿਆ, “ਪਰਮੇਸ਼ਵਰ
ਅਤੇ ਆਪਣੇ ਗੁਆਂਢੀ ਨੂੰ ਪਿਆਰ
ਕਰ,” ਉਸਨੇਂ ਪੁੱਛਿਆ, “ਪਰ
ਮੇਰਾ ਗੁਆਂਢੀ ਕੌਣ ਹੈ?”



ਉਸ ਮਨੁੱਖ ਦੇ ਸਵਾਲ ਦਾ ਉੱਤਰ ਦੇਣ ਲਈ, ਯਿਸੂ ਨੇਂ ਇੱਕ ਮਨੁੱਖ ਦੀ
ਕਹਾਣੀ ਦੱਸੀ ਕੀ ਇੱਕ ਮਨੁੱਖ ਯਰੂਸ਼ਲਮ ਤੋਂ ਯਰੀਹੋ
ਦੇ ਰਾਹ ਤੇ ਸਫਰ ਕਰ ਰਿਹਾ ਸੀਂ।
ਉਸ ਮਨੁੱਖ ਤੇ ਡਾਕੂਆਂ
ਨੇ ਹਮਲਾ ਕੀਤਾ।



ਡਾਕੂਆਂ ਨੇ ਜੋ ਕੁਝ ਮਿਲਿਆ ਉਹ ਸਭ ਚੁਰਾ ਲਿਆ, ਇੱਥੋਂ ਤੱਕ ਵਿਚਾਰੇ ਮੁਸਾਫਿਰ ਦੇ ਕੱਪੜੇ ਵੀ ਲੈ ਲਏ।



ਉਹਨਾਂ ਨੇ ਉਸਨੂੰ ਬੁਰੀ ਤਰ੍ਹਾਂ ਜ਼ਖਮੀ ਕੀਤਾ,
ਅਰ ਉਸਨੂੰ ਅਧਮੋਇਆ ਸੜਕ ਦੇ ਕਿਨਾਰੇ
ਛੱਡ ਗਏ।




ਹੁਣ ਸਬੱਬ ਨਾਲ ਇੱਕ ਯਾਜਕ ਨਿਰਸੰਦੇਹ ਉਥੋਂ
ਉਤਰਿਆ। ਯਕੀਂਨ ਉਹ ਉਸ ਜ਼ਖਮੀਂ
ਵਿਅਕਤੀ ਦੀ ਸਹਾਇਤਾ ਕਰੇਗਾ।


ਨਹੀਂ! ਜਦ ਉਸਨੇ ਮਨੁੱਖ ਦੇ ਲਹੂ ਵਗਦਾ
ਵੇਖਿਆ, ਉਹ ਸੜਕ ਦੇ ਦੂਸਰੇ ਪਾਸੇ
ਦੀ ਚਲ੍ਹਾ ਗਿਆ।

ਜਲਦ ਹੀ ਹੋਰ ਵਿਅਕਤੀ ਦੇ ਪੈਰਾਂ ਦੇ ਘਿਸਰਣ ਦੀ ਆਵਾਜ ਪਹੁੰਚੀ।
ਉਹ ਲੇਵੀ ਸੀਂ - ਇਹ ਉਹ ਮਨੁੱਖ ਸੀਂ ਜੋ ਮੰਦਰ ਵਿੱਚ
ਯਾਜਕ ਦੀ ਸਹਾਇਤਾ ਕਰਦਾ ਸੀਂ।



ਉਹ ਗਿਆ ਅਤੇ ਜਖਮੀ ਮਨੁੱਖ ਨੂੰ ਵੇਖਿਆ, ਤਦ
ਬਿਨਾਂ ਸਹਾਇਤਾ ਕੀਤੇ ਚਲਿਆ ਗਿਆ।



ਅੰਤ ਵਿੱਚ ਇੱਕ ਸਾਮਰੀ ਮਨੁੱਖ ਉੱਥੇ ਆਇਆ।
ਯਹੂਦੀ ਲੋਕ ਸਾਮਰੀਆਂ ਤੋਂ ਨਫਰਤ ਕਰਦੇ ਸਨ।



ਲੋਕ ਯਿਸੂ ਦੀ ਕਹਾਣੀ ਸੁਨਣ ਤੋਂ ਬਾਅਦ ਸਾਮਰੀ ਨੂੰ
ਹੀਰੋ ਨਹੀਂ ਸਮਝਣਗੇ।ਪਰ ਉਹ ਸੀਂ। ਸਾਮਰੀ ਨੇਂ
ਵੇਖਿਆਂ, ਅਤੇ ਸਹਾਇਤਾ ਲਈ ਰੁਕ ਗਿਆ।



ਸਾਮਰੀ ਝੁਕਿਆ, ਅਤੇ ਬੜੇ ਹੀ
ਆਰਾਮ ਨਾਲ ਉਸਨੇਂ ਅਜਨਬੀ
ਦੇ ਜ਼ਖਮਾਂ ਤੇ ਦਵਾਈ ਲਾਈ
ਅਤੇ ਪੱਟੀਆਂ ਬੰਨੀਆਂ। ਤਦ
ਉਸਨੇਂ ਸੱਟ ਖਾਦੇ ਹੋਏ ਆਦਮੀ
ਨੂੰ ਆਪਣੇ ਗਧੇ ਤੇ ਬਿਠਾਇਆ।



ਰਾਹ ਦੇ ਇੱਕ ਪਾਸੇ ਸਰਾਹ ਸੀ, ਸਾਮਰੀ ਨੇਂ ਸਾਰੀ
ਰਾਤ ਉਸ ਆਦਮੀ ਦੀ ਦੇਖ ਭਾਲ ਕੀਤੀ।



ਸਵੇਰ ਨੂੰ ਉਸਨੇਂ ਸਰਾਹ ਵਾਲੇ ਨੂੰ ਪੈਸੇ ਦਿੱਤੇ ਕੀ ਉਸ
ਰਾਹਗੀਰ ਦੇ ਠੀਕ ਹੋਣ ਤੱਕ ਉਸਦਾ ਧਿਆਨ ਰੱਖੇ।



ਕਹਾਣੀ ਖਤਮ ਹੋ ਗਈ ਸੀਂ। ਯਿਸੂ ਨੇਂ ਪੁੱਛਿਆ,
“ਉਸ ਜ਼ਖਮੀ ਮਨੁੱਖ ਦਾ ਗੁਆਂਢੀ ਕੋਣ ਸੀਂ?”





ਉਸਨੇਂ ਉੱਤਰ ਦਿੱਤਾ, “ਉਸਦਾ ਗੁਆਂਢੀ ਉਹ ਸਾਮਰੀ ਸੀਂ ਜਿਸਨੇ ਦਯਾ ਵਿਖਾਈ।”

ਯਿਸੂ ਨੇਂ ਆਖਿਆ, “ਜਾਹ,
ਅਤੇ ਉਦਾਂ ਹੀ ਕਰ।” ਜਿਹੜਾ
ਲੋੜਵੰਦ ਹੈ ਉਹ ਗੁਆਂਢੀ ਹੈ।
ਅਸੀਂ ਲੋਕਾਂ ਦੀ ਸਹਾਇਤਾ
ਕਰ ਕੇ ਪਿਆਰ ਵਿਖਾ
ਸਕਦੇ ਹਾਂ। ਇਹ
ਪਰਮੇਸ਼ਵਰ ਨੂੰ ਖੁਸ਼
ਕਰਦਾ ਹੈ।



# ਨੇਕ ਸਾਮਰੀ

ਇਹ ਕਹਾਣੀ ਪਰਮੇਸ਼ਵਰ ਦਾ ਵਚਨ, ਜੋ ਬਾਈਬਲ ਹੈ

ਇਹ ਪਾਈ ਜਾਂਦੀ ਹੈ

ਲੂਕਾ ਦੀ ਇੰਜੀਲ 10

ਸ਼ਬਦਾ ਦੇ ਪਰਵੇਸ਼ ਦੁਆਰਾ ਰੋਸ਼ਨੀ ਮਿਲਦੀ ਹੈ।
ਜ਼ਬੂਰਾਂ ਦੀ ਪੋਥੀ 119:130

# ਸਮਾਪਤ

ਇਹ ਬਾਈਬਲ ਦੀ ਕਹਾਣੀ ਸਾਨੂੰ ਸਾਡੇ ਅਨੋਖੇ ਪਰਮੇਸ਼ਵਰ ਦੇ ਬਾਰੇ ਦੱਸਦੀ ਹੈ, ਜਿਸ ਨੇ ਸਾਨੂੰ ਬਣਾਇਆ ਅਤੇ ਉਹ ਚਾਹੁੰਦਾ ਹੈ ਕਿ ਅਸੀ ਉਸਨੂੰ ਜਾਣੀਏ।

ਪਰਮੇਸ਼ਵਰ ਜਾਣਦਾ ਹੈ ਕਿ ਅਸੀ ਬੁਰੇ ਕੰਮ ਕੀਤੇ ਹਨ। ਜਿਨ੍ਹਾਂ ਨੂੰ ਉਹ ਪਾਪ ਕਹਿੰਦਾ ਹੈ।ਪਾਪ ਦੀ ਸਜ਼ਾ ਮੋਤ ਹੈ, ਪਰ ਪਰਮੇਸ਼ਵਰ ਤੁਹਾਨੂੰ ਬਹੁਤ ਪਿਆਰ ਕਰਦਾ ਹੈ।ਇਸ ਲਈ ਉਸਨੇ ਆਪਣੇ ਇਕਲੌਤੇ ਪੁੱਤਰ ਯਿਸੂ ਨੂੰ ਭੇਜ਼ਿਆਂ, ਕਿ ਸਲੀਬ ਤੇ ਆਪਣੀ ਜਾਨ ਕੁਰਬਾਨ ਕਰੇ ਅਤੇ ਸਾਡੇ ਗੁਨਾਹਾਂ ਲਈ ਸ਼ਜਾ ਪਾਵੇ।ਤਦ ਯਿਸੂ ਮੁਰਦਿਆਂ ਵਿੱਚੋ ਜੀ ਉਠਿਆਂ ਅਤੇ ਆਪਣੇ ਸਵਰਗੀ ਘਰ ਨੂੰ ਵਾਪਿਸ ਪਰਤ ਗਿਆ।ਜ਼ੇਕਰ ਤੁਸੀ ਯਿਸੂ ਉਤੇ ਵਿਸ਼ਵਾਸ਼ ਕਰਕੇ ਆਪਣੇ ਪਾਪਾ ਲਈ ਮੁਆਫੀ ਮੰਗਦੇ ਹੋ ਤਾਂ ਉਹ ਤੁਹਾਡੇ ਲਈ ਇਹ ਕਰੇਗਾ।ਉਹ ਆਵੇਗਾ ਅਤੇ ਹੁਣ ਤੁਹਾਡੇ ਵਿੱਚ ਵੱਸੇਗਾ, ਅਤੇ ਤੁਸੀ ਉਸਦੇ ਨਾਲ ਹਮੇਸ਼ਾ ਤੱਕ ਵੱਸੋਗੇ।

ਜ਼ੇਕਰ ਤੁਸੀ ਵਿਸ਼ਵਾਸ਼ ਕਰਦੇ ਹੋ ਕਿ ਇਹ ਸੱਚਾਈ ਹੈ ਤਾਂ ਪਰਮੇਸ਼ਵਰ ਨੂੰ ਇਹ ਆਖੋ ਪਿਆਰੇ ਯਿਸੂ, ਮੈ ਵਿਸ਼ਵਾਸ਼ ਕਰਦਾ ਹਾਂ ਕਿ ਤੁਸੀ ਪਰਮੇਸ਼ਵਰ ਹੋ, ਅਤੇ ਤੁਸੀ ਇਨਸਾਨ ਬਣੇ ਕਿ ਮੇਰੇ ਪਾਪਾਂ ਲਈ ਮਰੋ ਅਤੇ ਹੁਣ ਤੁਸੀ ਜਿੰਦਾ ਹੋ। ਕਿਰਪਾ ਕਰਕੇ ਮੇਰੇ ਜੀਵਨ ਵਿੱਚ ਆਓ ਅਤੇ ਮੇਰੇ ਪਾਪਾਂ ਨੂੰ ਮੁਆਫ਼ ਕਰੋ, ਤਾਂ ਜੋ ਹੁਣ ਮੈ ਨਵਾਂ ਜੀਵਨ ਪਾਵਾਂ, ਅਤੇ ਇੱਕ ਦਿਨ ਤੁਹਾਡੇ ਨਾਲ ਹਮੇਸ਼ਾਂ ਦੇ ਲਈ ਜਾਵਾਂ। ਮੇਰੀ ਮਦਦ ਕਰੋ ਕਿ ਮੈ ਤੁਹਾਡੀ ਆਗਿਆ ਨੂੰ ਮੰਨਾ ਅਤੇ ਤੁਹਾਡੇ ਲਈ ਜੀਵਾਂ, ਤੁਹਾਡਾ ਬੱਚਾ ਬਣ ਕੇ ਆਮੀਨ।

ਪਰਮੇਸ਼ਵਰ ਦੇ ਵਚਨ ਨੂੰ ਪੜੋ ਅਤੇ ਰੋਜ਼ਾਨਾਂ ਉਸਦੇ ਨਾਲ ਗੱਲਬਾਤ ਕਰੋ। ਯਹੂੰਨਾ ਦੀ ਇੰਜ਼ੀਲ 3:16